ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ ਫੇਜ਼-8 ਐਸ.ਏ.ਐਸ. ਨਗਰ
(ਦਫਤਰੀ ਅਮਲਾ-ਸਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)(ਐਸਿ)
ਪੰਜਾਬ।

ਮੀਮੋ ਨੰ: 3/3-18 ਦਅ (2) /੨੦੧੮੭੮੭੫੫
ਮਿਤੀ: 21-11-2018

ਵਿਸ਼ਾ: ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ ਕਰਮਚਾਰੀ (ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ: ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਤੋਂ ਬਤੌਰ ਕਲਰਕ ਦੀ ਪਦਉਨਤੀ ਲਈ ਟਾਈਪ ਟੈਸਟ ਦਾ ਸਮਾਂ ਦੇਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਕੰਮ ਕਰਦੇ ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ (ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ: ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਦਾ ਬਤੌਰ ਕਲਰਕ ਦੀ ਪਦਉਨਤੀ ਲਈ ਟਾਈਪ ਟੈਸਟ (ਪੰਜਾਬੀ ਅਤੇ ਅੰਗ੍ਰੇਜੀ) ਵਿੱਚ ਅਪ੍ਰੈਲ 2019 ਦੇ ਦੂਜੇ ਹਫਤੇ ਦੇ ਸ਼ਨੀਵਾਰ ਤੇ ਐਤਵਾਰ ਅਤੇ ਇਸ ਉਪਰੰਤ ਅਕਤੂਬਰ 2019 ਦੇ ਦੂਜੇ ਹਫਤੇ ਦੇ ਸ਼ਨੀਵਾਰ ਅਤੇ ਐਤਵਾਰ ਨੂੰ ਲਿਆ ਜਾਵੇਗਾ। ਇਹ ਟਾਈਪ ਟੈਸਟ ਹੇਠ ਲਿਖੀਆਂ ਸ਼ਰਤਾਂ ਤਹਿਤ ਲਿਆ ਜਾਵੇਗਾ:-

1) ਕੇਵਲ ਉਹਨਾਂ ਹੀ ਕਰਮਚਾਰੀਆ ਦਾ ਟੈਸਟ ਲਿਆ ਜਾਵੇਗਾ ਜਿਹੜੇ ਪੰਜਾਬ ਸਿੱਖਿਆ ਵਿਭਾਗ ਦੇ ਰੈਗੂਲਰ ਕਰਮਚਾਰੀ ਹਨ। ਰਮਸਾ ਜਾਂ ਐਸ.ਐਸ.ਏ.ਅਧੀਨ ਭਰਤੀ ਹੋਏ ਕਰਮਚਾਰੀਆਂ ਨੂੰ ਟਾਈਪ ਟੈਸਟ ਵਿੱਚ ਬੈਠਣ ਦੀ ਇਜਾਜਤ ਨਹੀ ਹੋਵੇਗੀ।
2) ਦਰਜਾ ਚਾਰ ਦਸਵੀਂ ਪਾਸ ਕਰਮਚਾਰੀਆਂ ਤੋਂ ਬਤੌਰ ਕਲਰਕ ਪਦਉਨਤੀ ਲਈ ਵਿਭਾਗ ਦੇ ਨਿਯਮ "Punjab Education Department Mininsterial and Non-teaching staff (Subbordinate offics and Boarder Area) Group C Service, Rule 2018 ਅਨੁਸਾਰ ਬਤੌਰ ਦਰਜਾ ਚਾਰ ਪੰਜ ਸਾਲ ਰੈਗੂਲਰ ਸੇਵਾ ਦੀ ਸ਼ਰਤ ਪੂਰੀ ਨਹੀ ਕਰਦੇ। ਉਹਨਾਂ ਨੂੰ ਟਾਈਪ ਟੈਸਟ ਲਈ ਨਹੀ ਵਿਚਾਰਿਆ ਜਾਵੇਗਾ।
3) ਜੋ ਕਰਮਚਾਰੀ ਅੰਗਹੀਣ ਕੈਟਾਗਰੀ ਨਾਲ ਸਬੰਧ ਰੱਖਦੇ ਹਨ ਉਹ ਕਰਮਚਾਰੀ ਟਾਈਪ ਟੈਸਟ ਵਿੱਚ ਛੋਟ ਲੈਣ ਲਈ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਵੱਲੋਂ ਟਾਈਪ ਟੈਸਟ ਦੀ ਛੋਟ ਸਬੰਧੀ ਸਰਟੀਫਿਕੇਟ ਜਰੂਰੀ ਹੈ ਕੇਵਲ ਉਹਨਾਂ ਕਰਮਚਾਰੀਆਂ ਨੂੰ ਹੀ ਟਾਈਪ ਟੈਸਟ ਵਿੱਚ ਛੋਟ ਦੇਣ ਲਈ ਟਾਈਪ ਟੈਸਟ ਸਮੇਂ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।
4) ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਟਾਈਪ ਟੈਸਟ ਪਾਸ ਕਰ ਲੈਣ ਨਾਲ ਕਿਸੇ ਵੀ ਕਰਮਚਾਰੀ ਦਾ ਤਰੱਕੀ ਲਈ ਕਲੇਮ ਨਹੀ ਹੈ ਪੰਜਾਬੀ ਅਤੇ ਅੰਗ੍ਰੇਜੀ ਦੋਵੇਂ ਟਾਈਪ ਟੈਸਟ ਪਾਸ ਕਰਨ ਵਾਲੇ ਦਰਜਾ ਚਾਰ ਅਤੇ ਦਰਜਾ ਤਿੰਨ ਦੇ ਕਰਮਚਾਰੀ ਦੀ ਸਾਂਝੀ ਸੀਨੀਆਰਤਾ ਸੂਚੀ ਮੁਤਾਬਿਕ ਕਲਰਕਾਂ ਦੀ ਅਸਾਮੀਆਂ ਦੀ ਉਪਲਬਧਤਾ ਮੁਤਾਬਿਕ ਪਦਉਨਤੀਆਂ ਕੀਤੀਆਂ ਜਾਣਗੀਆ।

ਉਕਤ ਅਨੁਸਾਰ ਆਪਣੇ ਅਧੀਨ ਕੰਮ ਕਰਦੇ ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ (ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ: ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸੁਪਰਡੰਟ ਦਫਤਰੀ ਅਮਲਾ